ਉਤਪਾਦਾਂ ਬਾਰੇ ਤਤਕਾਲੀ ਗਾਈਡ

# ਵਿਕਲਪ

## ਮੁੜ ਵਰਤਣ ਯੋਗ

ਕੀ ਤੁਹਾਡਾ ਕਾਰੋਬਾਰ ਮੁੜ ਵਰਤਣ ਯੋਗ ਵਿਕਲਪਾਂ ਦਾ ਪ੍ਰਚਾਰ ਅਤੇ ਵਿਕਰੀ ਕਰ ਸਕਦਾ ਹੈ? ਕੱਚ, ਸਿਲਿਕਾਨ, ਬਾਂਸ, ਟਾਈਟੇਨੀਅਮ, ਸਟੇਨਲੈੱਸ ਸਟੀਲ, ਸਿਰੇਮਿਕਸ ਅਤੇ ਸਖਤ ਮੁੜ ਵਰਤਣ ਯੋਗ ਪਲਾਸਟਿਕ ਵਰਗੀਆਂ ਮੁੜ ਵਰਤਣ ਯੋਗ ਸਮੱਗਰੀਆਂ ਤੋਂ ਕਈ ਉਤਪਾਦ ਤਿਆਰ ਕੀਤੇ ਜਾ ਰਹੇ ਹਨ।ਕਾਰੋਬਾਰਾਂ ਨੂੰ ਹੁਣ ਧੋਣ ਯੋਗ, ਮੁੜ ਵਰਤਣ ਯੋਗ ਅਤੇ ਘੱਟ ਲਾਗਤ ਵਾਲੇ ਵਿਕਲਪਾਂ ਤੱਕ ਪਹੁੰਚ ਪ੍ਰਾਪਤ ਹੈ।

## ਕੂੜੇ ਨੂੰ ਬਦਲੋ

ਵਧੇਰੇ ਜਾਣਕਾਰੀ ਲਈ ਇੱਥੇ ਜਾਓ

**replacethewaste.sa.gov.au**



ਕੱਚ ਦੀਆਂ ਸਟ੍ਰਾਅ



ਬਾਂਸਦੀਆਂ ਸਟ੍ਰਾਅ



ਧਾਤੂ ਦੀਆਂ ਸਟ੍ਰਾਅ



ਸਿਲਿਕਾਨ ਦੀਆਂ ਸਟ੍ਰਾਅ



ਸਿਲਿਕਾਨ ਦੇ ਨਾਲ ਨੱਥੀ ਕੀਤੀ ਗਈ ਧਾਤੂ ਦੀ ਸਟ੍ਰਾ



ਮੁੜੀ ਹੋਈ ਧਾਤੂ ਦੀਆਂ ਸਟ੍ਰਾਅ



ਮੁੜ ਵਰਤਣ ਯੋਗ ਕਟਲਰੀ



ਮੁੜ ਵਰਤਣ ਯੋਗ ਚੌਪਸਟਿੱਕਸ



ਮੁੜ ਵਰਤਣ ਯੋਗ ਪਲਾਸਟਿਕ ਦੀ ਕਟਲਰੀ



ਧਾਤੂ ਦੀ ਕਟਲਰੀ

# ਡਿਸਪੋਜ਼ੇਬਲ

ਜੇਕਰ ਤੁਹਾਡੇ ਲਈ ਡਿਸਪੋਜ਼ੇਬਲ ਦਾ ਵਿਕਲਪ ਪ੍ਰਦਾਨ ਕਰਨਾ ਲਾਜ਼ਮੀ ਹੋਵੇ, ਤਾਂ ਇੱਕ ਵਾਰ ਵਰਤਣ ਯੋਗ ਪਲਾਸਟਿਕ ਉਤਪਾਦਾਂ ਦੇ ਵਿਕਲਪ ਆਰਡਰ ਕਰੋ। ਆਪਣੇ ਸਪਲਾਇਰ ਕੋਲ ਉਪਲਬਧ ਸਟਾੱਕ ਬਾਰੇ ਜਾਣਨ ਲਈ ਉਸ ਨਾਲ ਸੰਪਰਕ ਕਰੋ ਜਾਂ ਵਿਕਲਪਕ ਉਤਪਾਦਾਂ ਦੇ ਸਪਲਾਇਰਾਂ ਦੀ ਸੂਚੀ ਲਈ Green Industries SAਨਾਲ ਸੰਪਰਕ ਕਰੋ।

ਕਮਪੋਸਟ ਬਣਨ ਯੋਗ ਉਤਪਾਦਾਂ ਦੀ ਤਲਾਸ਼ ਕਰੋ ਜਿਹਨਾਂ ਵਿੱਚ ਪਲਾਸਟਿਕ ਮੌਜੂਦ ਨਾ ਹੋਵੇ।

**ਕਾਰੋਬਾਰੀ ਉਦਯੋਗ ਵਿੱਚ ਕੁਸ਼ਲ ਕਮਪੋਸਟਿੰਗ ਲਈ ਕਮਪੋਸਟ ਬਣਨ ਯੋਗ ਉਤਪਾਦਾਂ ਨੂੰ ਹਰੇ ਕੂੜੇਦਾਨਾਂ ਵਿੱਚ ਪਾਇਆ ਜਾਵੇ।**

ਵਿਕਲਪਾਂ ਵਿੱਚ ਪ੍ਰਮਾਣਿਤ ਕਾਗਜ਼, ਬਾਂਸ ਜਾਂ ਬਾਇ-ਉਤਪਾਦ ਜਿਵੇਂ ਕਿ ਗੰਨੇ (ਸਾਵਧਾਨ ਰਹੋ ਕਿਉਂਕਿ ਕੁੱਝ ਸਪਲਾਇਰ PLA ਨੂੰ ਗੰਨੇ ਵਜੋਂ ਬਿਆਨ ਕਰਦੇ ਹਨ) ਤੋਂ ਬਣੀਆਂ ਸਟ੍ਰਾਅ ਸ਼ਾਮਲ ਹਨ। ਕਟਲਰੀ ਅਤੇ ਸਟਰੱਰ ਲੱਕੜ ਜਾਂ ਬਾਂਸ ਤੋਂ ਬਣਾਏ ਜਾ ਸਕਦੇ ਹਨ।



ਕਣਕ ਦੀਆਂ ਸਟ੍ਰਾਅ



ਕਾਗਜ਼ ਦੀਆਂ ਸਟ੍ਰਾਅ



ਲੱਕੜ ਦੀ ਡਿਸਪੋਜ਼ੇਬਲ ਕਟਲਰੀ



ਲੱਕੜ ਦੀਆਂ ਡਿਸਪੋਜ਼ੇਬਲ ਚੌਪਸਟਿੱਕਸ

# ਕੂੜੇ-ਕਰਕਟ ਤੋਂ ਬਚੋ ਅਤੇ ਲਾਗਤਾਂ ਨੂੰ ਘਟਾਓ

ਵਰਤੇ ਜਾ ਰਹੇ ਉਤਪਾਦ ਦੀ ਮਾਤਰਾ ਘਟਾ ਕੇ ਗੈਰ-ਪਲਾਸਟਿਕ ਵਿਕਲਪ ਵਿੱਚ ਤਬਦੀਲ ਹੋਣ ਦੀ ਲਾਗਤ ਘਟਾਓ।ਗਾਹਕਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਬੇਲੋੜੀਂਦੀਆਂ ਵਸਤੂਆਂ ਦੀ ਵਰਤੋਂ ਘਟਾ ਕੇ ਤੁਸੀਂ ਪੈਸੇ ਦੀ ਬੱਚਤ ਕਰੋਗੇ ਅਤੇ ਵਸੀਲਿਆਂ ਦੀ ਬਰਬਾਦੀ ਤੋਂ ਬਚੋਗੇ।

## ਕਟਲਰੀ

- ਕਿਰਪਾ ਕਰਕੇ ਕਟਲਰੀ ਨੂੰ ਗਾਹਕਾਂ ਦੀ ਪਹੁੰਚ ਤੋਂ ਦੂਰ ਰੱਖੋ।
- ਕੇਵਲ ਮੰਗ ਕੀਤੇ ਜਾਣ ‘ਤੇ ਹੀ ਕਟਲਰੀ ਦਿਓ।

## ਸਟ੍ਰਾਅ

- ਸਟ੍ਰਾਅ ਨੂੰ ਗਾਹਕਾਂ ਦੀ ਪਹੁੰਚ ਤੋਂ ਦੂਰ ਰੱਖੋ, ਜਿਵੇਂ ਕਿ ਕਾਊਂਟਰ ਦੇ ਪਿੱਛੇ ਜਾਂ ਹੇਠਾਂ।
- ਸਟਾਫ਼ ਨੂੰ ਕੇਵਲ ਮੰਗ ਕੀਤੇ ਜਾਣ ਜਾਂ ਅਜਿਹੀਆਂ ਡ੍ਰਿੰਕਸ ਦੇ ਨਾਲ ਸਟ੍ਰਾਅ ਦੇਣ ਲਈ ਟ੍ਰੇਨ ਕਰੋ ਜਿਨ੍ਹਾਂ ਲਈ ਇਸਦੀ ਲੋੜ ਹੋਵੇ।

## ਸਟਰੱਰ

- ਬੈਠ ਕੇ ਭੋਜਨ ਖਾਣ ਲਈ, ਧੋਣ ਯੋਗ, ਮੁੜ ਵਰਤਣ ਯੋਗ ਡ੍ਰਿੰਕ ਸਟਰੱਰ ਦੀ ਵਰਤੋਂ ਕਰੋ।
- ਭੋਜਨ ਨਾਲ ਲੈ ਜਾਣ ਲਈ, ਸੋਚੋ ਕਿ ਕੀ ਇਨ੍ਹਾਂ ਦੀ ਲੋੜ ਹੈ। ਜੇਕਰ ਹਾਂ, ਤਾਂ ਕੇਵਲ ਮੰਗ ਕੀਤੇ ਜਾਣ ‘ਤੇ ਮੁਹੱਈਆ ਕਰਵਾਓ।

Government of South Australia

100% ਰੀਸਾਈਕਲ ਕੀਤੇ ਗਏ ਕਾਗਜ਼ ‘ਤੇ ਪ੍ਰਿੰਟ ਕੀਤਾ ਗਿਆ, ਕਿਰਪਾ ਕਰਕੇ ਵਰਤੋਂ ਤੋਂ ਬਾਅਦ ਰੀਸਾਈਕਲ ਕਰੋ।